**ਮਲਾਰ ਮਹਲਾ ੫ ॥ ਹੇ ਗੋਬਿੰਦ ਹੇ ਗੋਪਾਲ ਹੇ ਦਇਆਲ ਲਾਲ ॥੧॥ ਰਹਾਉ ॥ ਪ੍ਰਾਨ ਨਾਥ ਅਨਾਥ ਸਖੇ ਦੀਨ ਦਰਦ ਨਿਵਾਰ ॥੧ ॥ ਹੇ ਸਮ੍ਰਥ ਅਗਮ ਪੂਰਨ ਮੋਹਿ ਮਇਆ ਧਾਰਿ ॥੨ ॥ ਅੰਧ ਕੂਪ ਮਹਾ ਭਇਆਨ ਨਾਨਕ ਪਾਰਿ ਉਤਾਰ ॥੩॥੮॥੩੦॥** **{ਪੰਨਾ 1273}**

ਪਦ ਅਰਥ:- ਦਇਆਲ—ਹੇ ਦਇਆ ਦੇ ਸੋਮੇ! ਲਾਲ—ਹੇ ਸੋਹਣੇ ਪ੍ਰਭੂ!।1। ਰਹਾਉ।

ਪ੍ਰਾਨ ਨਾਥ —ਹੇ ਪ੍ਰਾਣਾਂ ਦੇ ਮਾਲਕ ! ਅਨਾਥ ਸਖੇ —ਹੇ ਨਿਖਸਮਿਆਂ ਦੇ ਮਿੱਤਰ ! ਦੀਨ ਦਰਦ ਨਿਵਾਰ—ਹੇ ਗਰੀਬਾਂ ਦੇ ਦੁੱਖ ਦੂਰ ਕਰਨ ਵਾਲੇ!।1।

ਸਮ੍ਰਥ—ਹੇ ਸਭ ਤਾਕਤਾਂ ਦੇ ਮਾਲਕ ! ਅਗਮ—ਹੇ ਅਪਹੁੰਚ ! ਪੂਰਨ—ਹੇ ਸਰਬ -ਵਿਆਪਕ! ਮੋਹਿ—ਮੇਰੇ ਉੱਤੇ। ਮਇਆ ਧਾਰਿ—ਦਇਆ ਕਰ।2।

ਅੰਧ ਕੂਪ—ਅੰਨ੍ਹਾ ਖੂਹ, ਉਹ ਖੂਹ ਜਿਸ ਵਿਚ ਘੁੱਪ ਹਨੇਰਾ ਹੈ। ਭਇਆਨ—ਡਰਾਉਣਾ। ਨਾਨਕ—ਹੇ ਨਾਨਕ!।3।

ਅਰਥ:- ਹੇ ਗੋਬਿੰਦ! ਹੇ ਗੋਪਾਲ! ਹੇ ਦਇਆ ਦੇ ਸੋਮੇ! ਹੇ ਸੋਹਣੇ ਪ੍ਰਭੂ!।1। ਰਹਾਉ।

ਹੇ ਜਿੰਦ ਦੇ ਮਾਲਕ! ਹੇ ਨਿਖਸਮਿਆਂ ਦੇ ਸਹਾਈ! ਹੇ ਗ਼ਰੀਬਾਂ ਦੇ ਦਰਦ ਦੂਰ ਕਰਨ ਵਾਲੇ!।1।

ਹੇ ਸਭ ਤਾਕਤਾਂ ਦੇ ਮਾਲਕ! ਹੇ ਅਪਹੁੰਚ! ਹੇ ਸਰਬ-ਵਿਆਪਕ! ਮੇਰੇ ਉਤੇ ਮਿਹਰ ਕਰ!।2।

ਹੇ ਨਾਨਕ! (ਆਖ—ਹੇ ਪ੍ਰਭੂ! ਇਹ ਸੰਸਾਰ) ਬੜਾ ਡਰਾਉਣਾ ਖੂਹ ਹੈ ਜਿਸ ਵਿਚ (ਮਾਇਆ ਦੇ ਮੋਹ ਦਾ) ਘੁੱਪ ਹਨੇਰਾ ਹੈ (ਮੈਨੂੰ ਇਸ ਵਿਚੋਂ) ਪਾਰ ਲੰਘਾ ਲੈ।3।8। 30।